Tel: 604.596.7733
www.surreyschools.ca

# ਦਿੱਤੀ ਗਈ ਧਮਕੀ ਬਾਰੇ ਦੀ ਕਾਰਵਾਈ
# Threat Assessment Protocol

ਸਰੀ ਸਕੂਲ ਡਿਸਟਰਿਕਟ ਦੀ ਸੁਰਖਿਆ ਅਤੇ ਸਾਵਧਾਨੀ ਦੀ ਨੀਤੀ ਦੇ ਅਧੀਨ ਹਰ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਾਰੇ ਸਕੂਲ ਇੱਕ ਸਰਿਖੱਅਤ ਵਾਤਾਵਰਨ ਵਿੱਚ ਚੱਲ ਸਕਣ ।

ਇਸ ਨੀਤੀ ਦਾ ਇੱਕ ਜ਼ਰੂਰੀ ਅੰਗ ਹੈ ਜਿਸ ਵਿੱਚ ਬਕਾਇਦਾ ਇਕੱ ਕਾਰਵਾਈ ਕਰਨੀ ਪੈਂਦੀ ਹੈ ਜਦੋਂ ਇੱਕ ਵਿਦਆਰਥੀ ਦੂਸਰੇ ਨੂੰ ਧਮਕੀ ਦੇਵੇ । ਜਦੋਂ ਕੋਈ ਵੀ ਵਿਦਿਆਂਰਥੀ ਕੋਈ ਹਥਿਆਰ ਸਕੂਲ ਨੂੰ ਲੈ ਆਵੇ, ਜਾਂ ਆਪਣੇ ਆਪ ਨੂੰ ਜਾਂ ਕਿਸੇ ਹੋਰ ਨੂੰ ਹਾਨੀ ਪੁਹੰਚਾਓਣ ਦੀ ਧਮਕੀ ਦੇਵੇ ਤਾਂ ਓਸ ਸਕੂਲ ਦੇ ਕਰਮਚਾਰੀ ਬਕਾਇਦਾ ਇਸ ਨੀਤੀ ਦੇ ਅਧੀਨ ਇਸ ਤਰਾਂ ਦੀ ਹਾਲਤ ਨੂੰ ਸਾਂਭਣ ਦੀ ਕੋਸ਼ਿਸ਼ ਕਰਨਗੇ । ਇਹ ਧਮਕੀ ਜ਼ੁਬਾਨੀ, ਇਸ਼ਾਰਿਆਂ ਨਾਲ ਜਾਂ ਕਿਸੇ ਪੇਪਰ ਓਪਰ ਲਿਖੇ ਨੋਟ ਰਾਹੀਂ ਦਿੱਤੀ ਜਾ ਸਕਦੀ ਹੈ ।

ਸਕੂਲ ਦੇ ਕਰਮਚਾਰੀਆਂ ਨੂੰ ਇਸ ਤਰਾਂ ਦੀ ਹਾਲਤ ਦੌਰਾਨ ਇਹ ਪਤਾ ਲਾਓਣਾ ਹੁੰਦਾ ਹੈ ਕਿ ਕੀ ਇਸ ਧਮਕੀ ਦਾ ਧਮਕੀ ਦੇਣ ਵਾਲੇ ਨੂੰ ਜਾਂ ਹੋਰਨਾਂ ਨੂੰ ਵੀ ਖਤਰਾ ਹੈ । ਸਕੂਲਾਂ ਦੇ ਪ੍ਰਿੰਸੀਪਲਾਂ, ਵਾਈਸ ਪ੍ਰਿੰਸੀਪਲ ਅਤੇ ਕਾਓਂਸਲਰਾਂ ਨੂੰ, ਇਸ ਤਰਾਂ ਦੀਆਂ ਘਟਨਾਵਾਂ ਨੂੰ ਸਾਭਣ ਲਈ ਸਿਖਲਾਈ ਦਿੱਤੀ ਗਈ ਹੈ । ਅਗਰ ਜ਼ਰੂਰਤ ਪਵੇ ਜਾਂ ਹਾਲਤ ਗੰਭੀਰ ਹੋਵੇ ਤਾਂ ਇਹ ਕਰਮਚਾਰੀ ਸਕੂਲਾਂ ਦੇ ਹੋਰ ਵਿਭਾਗਾਂ ਜਾਂ ਪੁਲੀਸ ਦੀ ਵੀ ਮਦਦ ਲੈਣਗੇ ।

ਅਗਰ ਤੁਹਾਡਾ ਬੱਚਾ ਧਮਕੀ ਦਿੰਦਾ ਹੈ, ਤਾਂ ਇਹ ਜ਼ਰੂਰੀ ਹੈ ਕਿ ਓਸ ਬੱਚੇ ਕੋਲੋਂ ਛਾਣ ਬੀਣ ਕੀਤੀ ਜਾਏਗੀ । ਇਸ ਨੀਤੀ ਅਨੁਸਾਰ ਇਹ ਵੀ ਜ਼ਰੂਰਤ ਪੈ ਸਕਦੀ ਹੈ ਕਿ ਬੱਚੇ ਦੇ ਮਾਂ ਬਾਪ ਜਾਂ ਦੇਖ ਭਾਲ ਵਾਲਿਆਂ ਨਾਲ ਵੀ ਮਾਲਾਕਾਤ ਲਈ ਬੁਲਾਇਆ ਜਾਵੇ ।

ਇਸ ਨੀਤੀ ਮੁਤਾਬਿਕ ਫਿਰ ਓਸ ਬੱਚੇ ਦੀ ਨਾਲ ਕੀ ਸਲੂਕ ਹੋਣਾ ਹੈ, ਓਸਦਾ ਫੈਸਲਾ ਕੀਤਾ ਜਾਂਦਾ ਹੈ । ਇਸ ਨੀਤੀ ਦਾ ਮੁੱਖ ਮਕਸਦ ਇਹੀ ਹੈ ਕਿ ਇਸ ਤਰਾਂ ਦੀਆਂ ਜਾ ਹੋਰ ਘਟਨਾਵਾਂ ਵਿੱਚ ਸਕੂਲ ਦੇ ਕਰਮਚਾਰੀ ਸਮੇਂ ਸਮੇਂ ਸਾਰਿਆਂ ਦੀ ਸੁਰਖਿੱਅਤਾ ਕਾਇਮ ਰੱਖ ਸਕਣ ।

ਸਰੀ ਸਕੂਲ ਬੋਰਡ ਓਨ੍ਹਾਂ ਸਾਰੇ ਮਾਪਿਆਂ ਅਤੇ ਬੱਚਿਆਂ ਦੀ ਦੇਖ ਭਾਲ ਕਰਨ ਵਾਲਿਆਂ ਦਾ ਸਨਮਾਨ ਕਰਦਾ ਹੈ, ਜੋ ਰਲ ਮਿਲ ਕਿ ਸਕੂਲਾਂ ਨੂੰ ਸੁਰਿਖੱਅਤ ਅਤੇ ਸਾਵਧਾਨ ਬਣਾਓਣ ਵਿੱਚ ਮਦਦ ਕਰਦੇ ਹਨ ।